# ਸੋਮਵਾਰ 18 ਸਤੰਬਰ 2017 ਤੋਂ ਐਤਵਾਰ 24 ਸਤੰਬਰ 2017 ਤੱਕ

- **18.09.17 ਸੋਮਵਾਰ:-** ਗੁਰਗੱਦੀ ਸ੍ਰੀ ਗੁਰੁ ਅੰਗਦ ਦੇਵ ਜੀ

- **20.09.17 ਬੁੱਧਵਾਰ: -4.30 ਵਜ਼ੇ:-** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜ਼ੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ ।ਦੇਗਾਂ ਦੀਆਂ ਸੇਵਾਵਾਂ: - ਸ੍ਰ: ਮਨਜੀਤ ਸਿੰਘ ਸੇਖੋਂ, ਸ੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਹੀਰਾ ਜਵੈਲਰ, ਨੀਲ ਕਮਲ ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

- **21.09.17 ਵੀਰਵਾਰ:- 6.00 ਵੱਜ਼ੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

- **22.09.17 ਸ਼ੁਕਰਵਾਰ:- 10.00 ਵਜੇ:-** ਸਾਧ ਸੰਗਤ ਵੱਲੋਂ **ਸ੍ਰੀ ਗੁਰੁ ਨਾਨਕ ਦੇਵ ਜੀ ਦੇ ਜੋਤੀ ਜੋਤ ਦੇ ਸਬੰਧ ਵਿਚ** ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।
- ਦੇਗਾਂ ਦੀਆਂ ਸੇਵਾਵਾਂ: - ਸ੍ਰ ਸੁਰਜੀਤ ਸਿੰਘ ਸੇਖੋਂ, ਸ੍ਰ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ੍ਰ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ੍ਰ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ੍ਰ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ੍ਰ: ਗੁਰਦੇਵ ਸਿੰਘ ਔਲਖ ਸ੍ਰ: ਰਣਜੀਤ ਸਿੰਘ ਬਾਸੀ ਤੇ ਸਵ: ਨਿਰਮਲ ਸਿੰਘ ਪੁਰੇਵਾਲ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

- **23.09.17 ਸ਼ਨਿਚਰਵਾਰ: -**
- **(1)-10.30ਵਜੇ:- ਗੁਰਵਿੰਦਰ ਸਿੰਘ ਸੰਧੂ ਪਰਿਵਾਰ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।**
- **(2)-1.00 ਵਜੇ:- ਬੀਬੀ ਹਰਜਿੰਦਰ ਕੌਰ ਟਾਂਡੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।**
- **(3)-4.00 ਵਜੇ:। ਸ੍ਰ ਕੁਲਦੀਪ ਸਿੰਘ ਪੁਰੇਵਾਲ ਅਤੇ ਪੁਰਿਵਾਰ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।**
- **4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- **24.09.17 ਐਤਵਾਰ:- 8.30 ਵਜ਼ੇ:** - ਸਾਧ ਸੰਗਤ ਵੱਲੋਂ **ਸ੍ਰੀ ਗੁਰੁ ਨਾਨਕ ਦੇਵ ਜੀ ਦੇ ਜੋਤੀ ਜੋਤ ਦੇ ਸਬੰਧ ਵਿਚ** ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 8.30 ਵਜ਼ੇ ਪੈਣਗੇ ਉਪਰੰਤ ਬੀਬੀ ਸੁਰਿੰਦਰ ਕੌਰ ਚੀਮਾ ਪਰਿਵਾਰ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਬਾਅਦ ਵਿਚ ਭਾਈ ਰਾਵਿੰਦਰ ਸਿੰਘ ਜੀ ਦਾ ਜਥਾ ਹਾਜਰੀ ਭਰੇਗਾ।
- **ਸ ਬਹਾਦਰ ਸਿੰਘ ਦੀ ਸਪੁਤ੍ਰੀ ਦਾ ਅਨੰਦ ਕਰਜ ਹੋਵੇਗਾ ਅਤੇ ਰਜਿਸਟਰ ਭੀ ਹੋਣਾ ਹੈ।** (Tea Reception in Shaheed Udham Singh Hall

- _Bradford Panjabi School's Keertan Smagam GURU NANAK DEV JI Saturday 14th October 2017 GURDWARA SINGH SABHA. BRADFORD
- 10 Grant Street. BD3 9HD Events Includes Kirtan . Presentations. Exhibitions Registration-12.30 PM
- Programme starts -2.30 PM to 5.30 M Everyone is welcome to attend
- **28 ਸਤੰਬਰ ਜਨਮ ਦਿਨ ਸ਼ਹੀਦ ਭਗਤ ਸਿੰਘ ਜੀ, 9 ਅਕਤੂਬਰ ਪ੍ਰਕਾਸ਼ ਸ੍ਰੀ ਗੁਰੁ ਰਾਮਦਾਸ ਜੀ**
- **9 ਅਕਤੂਬਰ ਸ਼ਹੀਦੀ ਭਾਈ ਜਿੰਦਾ ਤੇ ਸੁਖਾ, 15 ਅਕਤੂਬਰ ਸੰਗ੍ਰਾਂਦ ਕੱਤਕ, 19 ਅਕਤੂਬਰ ਬੰਦੀ ਛੋੜ ਦਿਵਸ (ਦੀਵਾਲੀ)**
- **20 ਅਕਤੂਬਰ ਜੋਤੀ ਜੋਤ ਸ੍ਰੀ ਗੁਰੁ ਹਰਿਰਾਏ ਜੀ, 20 ਅਕਤੂਬਰ ਗੁਰਗੱਦੀ ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ**
- **20 ਅਕਤੂਬਰ ਗੁਰਗੱਦੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, 21 ਅਕਤੂਬਰ ਜੋਤੀ ਜੋਤ ਸ੍ਰੀ ਗੁਰੁ ਗੋਬਿੰਦ ਸਿੰਘ ਜੀ**
- **31 ਅਕਤੂਬਰ ਸ਼ਹੀਦੀ ਭਾਈ ਬੇਅੰਤ ਸਿੰਘ ਜੀ**

**Note: – Day & Time to book wedding in the Gurdwara Sahib: -** Wednesday: 11.00 AM –1.00 PM, Saturday: 11.00AM --1.00 PM, Sunday: 1.00PM--2.00PM. Contact S. Sadhu Singh Chhokar (General Secretary) 01274- 727938, Mob:- 07931833376

PTO

[ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ]() ਖਲੀਲ ਖਾਨ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਰਿੱਤਰ ਅਤੇ ਜੀਵਨ ਇਕ ਸੱਚੇ-ਸੁੱਚੇ ਇਨਸਾਨ ਵਾਲਾ ਸੀ। ਦੁਖੀਆਂ ਲਈ ਸੁੱਖ ਅਤੇ ਅਗਿਆਨੀਆਂ ਲਈ ਗਿਆਨ ਵੰਡਣ ਵਾਲਾ ਸੀ ਗੁਰੂ ਜੀ ਦਾ ਵਿਅਕਤੀਤਵ। 15 ਅਪ੍ਰੈਲ, 1469 ਨੂੰ ਮਾਂ ਤ੍ਰਿਪਤਾ ਦੀ ਕੁੱਖੋਂ ਜਨਮੇ ਇਸ ਬਾਲਕ ਬਾਰੇ ਕੋਈ ਨਹੀਂ ਜਾਣਦਾ ਸੀ ਕਿ ਇਹ ਇਕ ਅਜਿਹੀ ਸ਼ਖ਼ਸੀਅਤ ਹੋ ਨਿਬੜੇਗਾ ਕਿ ਆਉਣ ਵਾਲੇ ਸਮਿਆਂ ਵਿਚ ਵੱਖ-ਵੱਖ ਧਰਮ ਇਸ ਨੂੰ ਆਪਣਾ-ਆਪਣਾ ਪੈਰੋਕਾਰ ਹੋਣ ਦਾ ਦਾਅਵਾ ਕਰਨਗੇ। ਬਾਲ ਨਾਨਕ ਨੂੰ ਪੜ੍ਹਾਉਣ ਆਏ ਅਧਿਆਪਕ ਵੀ ਸ਼ਾਇਦ ਇਸ ਗੱਲ ਤੋਂ ਅਨਜਾਣ ਸਨ ਕਿ ਇਹ ਬਾਲਕ ਇਕ ਦਿਨ ਪੂਰੀ ਦੁਨੀਆ ਨੂੰ ਸੱਚ ਦਾ ਪਾਠ ਪੜ੍ਹਾਵੇਗਾ। ਗੁਰੂ ਜੀ ਦਾ ਹਰ ਪਲ ਅਤੇ ਹਰ ਸਰਗਰਮੀ ਹਮੇਸ਼ਾ ਲਈ ਲੋਕਾਂ ਵਾਸਤੇ ਇਕ ਸਿੱਖਿਆ ਬਣ ਗਈ। ਜਿਸ ਸਮੇਂ ਲੋਕ ਰੱਬ ਦੀ ਭਾਲ ਵਿਚ ਖੁਦ ਜੰਗਲਾਂ 'ਚ ਭਟਕ ਰਹੇ ਸਨ, ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ 'ਜਪੁਜੀ ਸਾਹਿਬ' ਦਾ ਪਾਠ ਪੜ੍ਹਾਇਆ, ਜਿਸ ਨੇ ਲੋਕਾਂ ਨੂੰ ਰੱਬ ਦਾ ਸਥਾਈ ਆਧਾਰ ਦਿੱਤਾ ਤੇ ਰੱਬ ਦੀ ਭਾਲ ਖ਼ਤਮ ਹੋਈ। ਸਮੇਂ ਦੇ ਥੱਪੇ ਨੇ ਬਹੁਤ ਸਾਰੀਆਂ ਗੱਲਾਂ ਗੁਰੂ ਜੀ ਦੇ ਜੀਵਨ ਨਾਲ ਜੋੜ ਦਿੱਤੀਆਂ, ਜੋ ਗੁਰੂ ਜੀ ਅਤੇ ਉਨ੍ਹਾਂ ਦੇ ਧਰਮ ਦੇ ਨੇੜੇ-ਤੇੜੇ ਦੀਆਂ ਵੀ ਨਹੀਂ ਹਨ। ਸਾਰੀ ਉਮਰ ਮੂਰਤੀ ਪੂਜਾ ਦਾ ਵਿਰੋਧ ਕਰਨ ਵਾਲੇ ਦੀ ਫੋਟੋ ਅੱਗੇ ਹੀ ਮੱਥਾ ਟੇਕੀ ਜਾਣਾ ਉਨ੍ਹਾਂ ਦੀ ਸੋਚ ਨੂੰ ਠੋਕਰ ਮਾਰਨ ਦੇ ਬਰਾਬਰ ਹੈ, ਕਰਾਮਾਤਾਂ ਦਾ ਭਾਂਡਾ ਭੰਨਣ ਵਾਲੇ ਨੂੰ ਕਰਾਮਾਤਾਂ ਵਿਖਾਉਣ ਵਾਲੇ ਦੇ ਰੂਪ ਵਿਚ ਸਵੀਕਾਰ ਕਰਨਾ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਸਰਾਸਰ ਬੇਇਨਸਾਫ਼ੀ ਹੈ।

ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਰਿੱਤਰ ਅਤੇ ਜੀਵਨ ਇਕ ਸੱਚੇ-ਸੁੱਚੇ ਇਨਸਾਨ ਵਾਲਾ ਸੀ। ਦੁਖੀਆਂ ਲਈ ਸੁੱਖ ਅਤੇ ਅਗਿਆਨੀਆਂ ਲਈ ਗਿਆਨ ਵੰਡਣ ਵਾਲਾ ਸੀ ਗੁਰੂ ਜੀ ਦਾ ਵਿਅਕਤੀਤਵ। ਕੁਝ ਇਹੋ ਜਿਹੀਆਂ ਘਟਨਾਵਾਂ ਨਾਲ ਹੀ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਦਾ ਪ੍ਰਗਟਾਵਾ ਕਰਨ ਦਾ ਯਤਨ ਕਰਾਂਗੇ, ਜੋ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਘਟੀਆਂ। ਇਨ੍ਹਾਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਕਿਸ ਤਰ੍ਹਾਂ ਸਿੱਧੇ ਰਾਹ ਪਾਉਂਦੇ ਸੀ ਅਗਿਆਨੀ ਲੋਕਾਂ ਨੂੰ। ਗੁਰੂ ਜੀ ਕਿਸੇ ਨਾਲ ਲੜਨ-ਝਗੜਨ ਨਾਲੋਂ ਤਰਕ ਅਤੇ ਬੁੱਧੀਮਤਾ ਨਾਲ ਸਮਝਾਉਣ 'ਚ ਵਿਸ਼ਵਾਸ ਰੱਖਦੇ ਸਨ। ਗੁਰੂ ਜੀ ਦਾ ਕਿਸੇ ਧਰਮ ਨਾਲ ਕੋਈ ਵੈਰ ਨਹੀਂ ਸੀ, ਉਨ੍ਹਾਂ ਦਾ ਵਿਰੋਧ ਧਰਮ ਨੂੰ ਗ਼ਲਤ ਢੰਗ ਨਾਲ ਚਲਾਉਣ ਵਾਲੇ ਲੋਕਾਂ ਨਾਲ ਸੀ, ਜਿਨ੍ਹਾਂ ਨੂੰ ਉਹ ਸਿੱਧੇ ਰਾਹ ਪਾਉਣਾ ਆਪਣਾ ਫਰਜ਼ ਸਮਝਦੇ ਸੀ, ਕਿਉਂਕਿ ਇਸੇ 'ਚ ਹੀ ਲੋਕ ਭਲਾਈ ਛੁਪੀ ਹੋਈ ਸੀ। ਆਓ ਕੁਝ ਘਟਨਾਵਾਂ ਰਾਹੀਂ ਆਪਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਨੂੰ ਜਾਨਣ ਦੀ ਕੋਸ਼ਿਸ਼ ਕਰਦੇ ਹਾਂ :

ਹਰਿਦੁਆਰ ਦੀ ਘਟਨਾ : ਗੱਲ ਹਰਿਦੁਆਰ ਦੇ ਸਾਧੂਆਂ ਨਾਲ ਜੁੜੀ ਹੋਈ ਹੈ, ਜੋ ਭੋਲੀ-ਭਾਲੀ ਜਨਤਾ ਨੂੰ ਆਪਣੇ ਪਾਖੰਡ 'ਚ ਫਸਾ ਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰਦੇ ਸਨ। ਜਦ ਗੁਰੂ ਨਾਨਕ ਦੇਵ ਜੀ ਹਰਿਦੁਆਰ ਪੁੱਜੇ ਤਾਂ ਗੰਗਾ 'ਚ ਲੋਕਾਂ ਦੀ ਭੀੜ ਲੱਗੀ ਹੋਈ ਸੀ, ਸਵੇਰ ਦੇ ਵੇਲੇ ਲੋਕ ਗੰਗਾ 'ਚ ਚੁੱਭੀਆਂ ਲਗਾ ਰਹੇ ਸਨ ਅਤੇ ਸੂਰਜ ਵੱਲ ਨੂੰ ਮੂੰਹ ਕਰਕੇ ਦੋਵਾਂ ਹੱਥਾਂ ਨਾਲ ਪਾਣੀ ਉਛਾਲ ਰਹੇ ਸਨ। ਗੁਰੂ ਜੀ ਸਭ ਕੁਝ ਵੇਖ ਰਹੇ ਸਨ। ਲੋਕਾਂ ਨੂੰ ਸਬਕ ਸਿਖਾਉਣ ਲਈ ਉਹ ਵੀ ਆਪਣੇ ਬਸਤਰ ਉਤਾਂਹ ਚੁੱਕ ਕੇ ਗੰਗਾ 'ਚ ਜਾ ਖੜ੍ਹੇ। ਲੋਕਾਂ ਨੂੰ ਸੂਰਜ ਵੱਲ ਨੂੰ ਪਾਣੀ ਚੜ੍ਹਾਉਂਦੇ ਵੇਖ ਉਹ ਉਨ੍ਹਾਂ ਦੇ ਉਲਟ ਆਪਣੇ ਪਿੰਡ ਵੱਲ ਨੂੰ ਮੂੰਹ ਕਰਕੇ ਪਾਣੀ ਚੜ੍ਹਾਉਣ ਲੱਗੇ। ਲੋਕ ਉਨ੍ਹਾਂ ਵੱਲ ਵੇਖ ਕੇ ਹੈਰਾਨ ਹੋਏ ਤੇ ਕਹਿਣ ਲੱਗੇ ਕਿ 'ਮੂਰਖ ਆਦਮੀ, ਇਹ ਕੀ ਕਰ ਰਿਹਾ ਏਂ?' ਗੁਰੂ ਜੀ ਨੇ ਬੜੀ ਸਾਦਗੀ ਨਾਲ ਕਿਹਾ, 'ਪਹਿਲਾਂ ਤੁਸੀਂ ਦੱਸੋ।' ਉਨ੍ਹਾਂ ਦਾ ਜਵਾਬ ਸੀ ਕਿ ਅਸੀਂ ਸੂਰਜ ਨੂੰ ਪਾਣੀ ਚੜ੍ਹਾਅ ਰਹੇ ਹਾਂ ਤਾਂ ਕਿ ਪਾਣੀ ਸਾਡੇ ਪਿੱਤਰਾਂ ਤੱਕ ਪਹੁੰਚ ਜਾਵੇ। ਗੁਰੂ ਜੀ ਨੇ ਥੋੜ੍ਹਾ ਜਿਹਾ ਮੁਸਕਰਾ ਕੇ ਫਿਰ ਪਾਣੀ ਹੱਥਾਂ 'ਚ ਚੁੱਕਿਆ ਤੇ ਪਿੰਡ ਵੱਲ ਉਛਾਲਣ ਲੱਗੇ। ਲੋਕਾਂ ਨੇ ਫਿਰ ਪੁੱਛਿਆ ਕਿ 'ਹੁਣ ਤੂੰ ਵੀ ਦੱਸ ਕਿ ਤੂੰ ਕਿਸ ਨੂੰ ਪਾਣੀ ਦੇ ਰਿਹਾ ਹੈਂ?' ਗੁਰੂ ਜੀ ਬੋਲੇ 'ਆਪਣੇ ਖੇਤਾਂ ਨੂੰ।' ਲੋਕ ਹੱਸਣ ਲੱਗੇ ਤੇ ਕਹਿਣ ਲੱਗੇ ਕਿ ਇਵੇਂ ਕਿਵੇਂ ਇੰਨੀ ਦੂਰ ਪਾਣੀ ਤੇਰੇ ਖੇਤਾਂ 'ਚ ਚਲਿਆ ਜਾਵੇਗਾ? ਗੁਰੂ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ 'ਸੂਰਜ ਇਥੋਂ ਕਿੰਨੀ ਦੂਰ ਹੈ?' ਜਵਾਬ ਮਿਲਿਆ, 'ਕਰੋੜਾਂ ਕੋਹ ਦੂਰ।' ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ, 'ਮੇਰੇ ਖੇਤ ਤਾਂ ਇਸ ਨਾਲੋਂ ਬਹੁਤ ਨੇੜੇ ਹਨ, ਉਥੇ ਤਾਂ ਪਾਣੀ ਆਰਾਮ ਨਾਲ ਚਲਿਆ ਜਾਵੇਗਾ।' ਲੋਕਾਂ ਦੇ ਚਿਹਰਿਆਂ 'ਤੇ ਗੰਭੀਰ ਚੁੱਪ ਸੀ ਤੇ ਗੁਰੂ ਜੀ ਦੇ ਦਰਸ਼ਨਾਂ ਲਈ ਭੀੜ ਇਕੱਠੀ ਹੋਣ ਲੱਗੀ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਗੰਗਾ 'ਚ ਨਹਾਉਣ ਨਾਲ ਮੈਲ ਨਹੀਂ ਧੋਤੀ ਜਾਂਦੀ, ਮੈਲ ਤਾਂ ਸਾਡੇ ਮਨਾਂ 'ਚ ਹੈ, ਮਨ ਨੂੰ ਸਾਫ ਕਰਨ ਦੀ ਲੋੜ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਇਹ ਵੀ ਸਮਝਾਇਆ ਕਿ ਪਿੱਤਰਾਂ ਨੂੰ ਪਾਣੀ ਦੇਣਾ ਇਕ ਪਾਖੰਡ ਹੈ, ਇਸ ਤਰ੍ਹਾਂ ਕਰਨ ਨਾਲ ਪਾਣੀ ਪਿੱਤਰਾਂ ਕੋਲ ਨਹੀਂ ਜਾਂਦਾ।
ਬਾਬਰ ਨਾਲ ਮੁਲਾਕਾਤ : 1521 ਈ: ਨੂੰ ਬਾਬਰ ਹਿੰਦ 'ਤੇ ਹਮਲਾ ਕਰਕੇ ਸੈਦਪੁਰ ਪਹੁੰਚਿਆ। ਇਸ ਸਮੇਂ ਗੁਰੂ ਜੀ ਤੇ ਮਰਦਾਨਾ ਵੀ ਸੈਦਪੁਰ ਵਿਚ ਹੀ ਸਨ। ਸ਼ਹਿਰ ਵਿਚ ਹਰ ਥਾਂ ਲੁੱਟ-ਮਾਰ ਦਾ ਪਸਾਰਾ ਸੀ। ਸ਼ਹਿਰ ਨੂੰ ਢਹਿ-ਢੇਰੀ ਕਰ ਦਿੱਤਾ ਗਿਆ। ਲੋਕਾਂ ਨੂੰ ਫੜ ਕੇ ਸਜ਼ਾਵਾਂ ਲਾਈਆਂ ਗਈਆਂ। ਗੁਰੂ ਜੀ ਤੇ ਮਰਦਾਨੇ ਨੂੰ ਵੀ ਚੱਕੀ ਪੀਸਣ ਦਾ ਕੰਮ ਸੌਂਪਿਆ ਗਿਆ। ਗੁਰੂ ਜੀ ਲੋਕਾਂ ਉੱਪਰ ਹੁੰਦੇ ਅੱਤਿਆਚਾਰ ਨੂੰ ਵੇਖ ਕੇ ਬਹੁਤ ਦੁਖੀ ਹੋਏ ਤੇ ਰੱਬ ਨੂੰ ਇਸ ਗੱਲ ਦਾ ਉਲਾਂਭਾ ਦਿੱਤਾ-

'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ॥'

ਗੁਰੂ ਜੀ ਨੇ ਆਪਣੀ ਬਾਣੀ ਗਾਉਣੀ ਸ਼ੁਰੂ ਕੀਤੀ ਤੇ ਲੋਕ ਉਨ੍ਹਾਂ ਦੇ ਦੁਆਲੇ ਇਕੱਠੇ ਹੁੰਦੇ ਗਏ। ਸ਼ਾਇਦ ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਅੱਤਿਆਚਾਰੀ ਰਾਜੇ ਦੇ ਖਿਲਾਫ਼ ਵਿਰੋਧ ਦਾ ਪਾਠ ਪੜ੍ਹਾ ਰਹੇ ਸੀ। ਇਹ ਵੇਖ ਕੇ ਕਮਾਂਡਰ ਮੀਰ ਖਾਨ ਨੇ ਬਾਬਰ ਪਾਸ ਇਸ ਦੀ ਸ਼ਿਕਾਇਤ ਕੀਤੀ ਤੇ ਗੁਰੂ ਜੀ ਨੂੰ ਪਕੜ ਕੇ ਬਾਬਰ ਅੱਗੇ ਪੇਸ਼ ਕੀਤਾ ਗਿਆ। ਗੁਰੂ ਜੀ ਖੁਦ ਵੀ ਇਹੀ ਚਾਹੁੰਦੇ ਸੀ। ਗੁਰੂ ਜੀ ਨੇ ਬਾਬਰ ਨੂੰ ਦੁਰਕਾਰਾਂ ਪਾਈਆਂ ਤੇ ਲੋਕਾਂ 'ਤੇ ਹੋ ਰਹੇ ਅੱਤਿਆਚਾਰ ਦਾ ਦੋਸ਼ੀ ਠਹਿਰਾਇਆ। ਗੁਰੂ ਜੀ ਦੀ ਬਾਣੀ ਅਤੇ ਪ੍ਰਸਿੱਧੀ ਸੁਣ ਕੇ ਬਾਬਰ ਪ੍ਰਭਾਵਿਤ ਹੋਇਆ ਤੇ ਗੁਰੂ ਜੀ ਦੀ ਸਿਫ਼ਾਰਿਸ਼ 'ਤੇ ਸਾਰੇ ਕੈਦੀ ਛੱਡ ਦਿੱਤੇ ਗਏ। ਬਾਬਰ ਨੇ ਗੁਰੂ ਨਾਨਕ ਦੇਵ ਜੀ ਅੱਗੇ ਬੇਨਤੀ ਕੀਤੀ ਕਿ ਉਹ ਦੁਆ ਕਰਨ ਕਿ ਉਸ ਦਾ ਰਾਜ ਪੀੜ੍ਹੀਆਂ ਤੱਕ ਕਾਇਮ ਰਹੇ। ਅੱਗੋਂ ਗੁਰੂ ਜੀ ਨੇ ਕਿਹਾ ਕਿ ਰਾਜ ਨੂੰ ਲੰਬੇ ਸਮੇਂ ਤੱਕ ਬਣਾਈ ਰੱਖਣ ਲਈ ਮੇਰੀ ਦੁਆ ਦੀ ਲੋੜ ਨਹੀਂ, ਮਿਹਨਤ ਤੇ ਸਿਆਣਪ ਦੀ ਲੋੜ ਹੈ। ਗੁਰੂ ਜੀ ਨੇ ਕਿਹਾ ਕਿ ਜੇਕਰ ਉਹ ਹਮੇਸ਼ਾ ਪਰਜਾ ਨਾਲ ਨਿਆਂ ਕਰੇਗਾ, ਐਸ਼ੋ-ਆਰਾਮ 'ਚ ਨਹੀਂ ਫਸੇਗਾ, ਗਰੀਬਾਂ ਅਤੇ ਲੋੜਵੰਦਾਂ 'ਤੇ ਰਹਿਮ ਕਰੇਗਾ ਅਤੇ ਮਨ 'ਚ ਪਰਮਾਤਮਾ ਨੂੰ ਵਸਾ ਕੇ ਰੱਖੇਗਾ ਤਾਂ ਉਸ ਦਾ ਰਾਜ ਭਾਗ ਬਣਿਆ ਰਹੇਗਾ। ਇਹ ਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਬਾਦਸ਼ਾਹ ਨੂੰ ਆਦਰਸ਼ ਪਰਜਾ ਪਾਲਕ ਬਣਨ ਦੀ ਨਸੀਹਤ। ਇਤਿਹਾਸ ਗਵਾਹ ਹੈ ਕਿ ਗੁਰੂ ਜੀ ਤੋਂ ਪਹਿਲਾਂ ਜਾਂ ਬਾਅਦ 'ਚ ਜਿਸ ਕਿਸੇ ਨੇ ਵੀ ਇਨ੍ਹਾਂ ਗੱਲਾਂ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ, ਉਸ ਦਾ ਰਾਜ ਭਾਗ ਦੂਸਰੇ ਬੇਸਮਝ ਬਾਦਸ਼ਾਹਾਂ ਦੇ ਮੁਕਾਬਲੇ ਲੰਬਾ ਸਮਾਂ ਚੱਲਿਆ।